# ਨਬੀਆਂ ਨੇ ਮਸੀਹਾ ਦੇ ਆਉਣ ਬਾਰੇ ਭਵਿੱਖਬਾਣੀ ਕੀਤੀ

ਜਿਹੜੇ ਬੱਚਿਆਂ ਨੂੰ ਸਿੱਖਿਆ ਦੇਂਦੇ ਹਨ ਉਨ੍ਹਾਂ ਨੂੰ P8b ਦਾ ਅਧਿਐਨ ਕਰਨਾ ਚਾਹੀਦਾ ਹੈ।

**1. ਮਸੀਹਾ ਸਬੰਧੀ ਭਵਿੱਖਬਾਣੀਆਂ ਬਾਰੇ ਸਿਖਾਉਣ ਲਈ ਪ੍ਰਾਰਥਨਾ ਅਤੇ ਵਚਨ ਨਾਲ ਤਿਆਰੀ ਕਰੋ।**

ਪ੍ਰਾਰਥਨਾ: ''ਸਵਰਗੀ ਪਿਤਾ, ਮੇਰੇ ਝੁੰਡ ਨੂੰ ਇਸ ਤੋਂ ਖੁਸ਼ ਹੋਣ ਵਿੱਚ ਮਦਦ ਕਰ ਕਿ ਕਿਵੇਂ ਤੂੰ ਮਸੀਹ ਯਿਸੂ ਦੇ ਆਉਣ ਬਾਰੇ ਬਹੁਤ ਸਾਰੀਆਂ ਭਵਿੱਖਬਾਣੀਆਂ ਨੂੰ ਪੂਰਾ ਕੀਤਾ, ਅਤੇ ਉਨ੍ਹਾਂ ਨੂੰ ਉਸਦੇ ਆਉਣ ਦੀ ਆਸ ਕਰਨ ਵਿੱਚ ਮਦਦ ਕਰ।''

## ਪਿਛੋਕੜ ਨੋਟ

ਨੋਟ **A.** ''ਮਸੀਹਾ'' ਇਕ ਸਿਰਲੇਖ ਹੈ ਜੋ ਯਹੂਦੀ ਲੋਕ ਪੁਰਾਣੇ ਨੇਮ ਵਿੱਚ ਆਪਣੇ ਰਾਜਿਆਂ ਨੂੰ ਦੇਂਦੇ ਸਨ। ਉਨ੍ਹਾਂ ਨੇ ਮਸੀਹਾ ਸਿਰਲੇਖ ਦਾ ਮਹਾਨ ਰਾਜੇ ਬਾਰੇ ਗੱਲ ਕਰਦਿਆਂ ਵੀ ਪ੍ਰਯੋਗ ਕੀਤਾ ਜਿਹੜਾ ਇਕ ਦਿਨ ਧਰਤੀ ਉੱਤੇ ਰਾਜ ਕਰਨ ਲਈ ਆਉਣ ਵਾਲਾ ਸੀ। ਮਸੀਹਾ ਦਾ ਅਰਥ ਹੈ ''ਮਸਹ ਕੀਤਾ'' ਅਤੇ ਅਕਸਰ ਇਸਦਾ ਮਸੀਹ ਕਰਕੇ ਅਨੁਵਾਦ ਕੀਤਾ ਜਾਂਦਾ ਹੈ। ਇਸ ਲਈ, ਯਿਸੂ ਮਸੀਹ ਦੇ ਨਾਮ ਦਾ ਅਰਥ ਹੈ ਮਸੀਹ ਯਿਸੂ।

ਨੋਟ **B.** ਯਹੂਦੀ ਲੋਕਾਂ ਦੇ ਇਤਹਾਸ ਦੇ ਲਗਭਗ 4000 ਸਾਲ, ਉਨ੍ਹਾਂ ਦੇ ਪੂਰਵਜ ਅਬਰਾਹਾਮ ਤੋਂ ਸ਼ੁਰੂ ਕਰਦਿਆਂ ਪੂਰੇ ਹੋ ਚੁੱਕੇ ਸਨ। ਉਨ੍ਹਾਂ ਮਸੀਹਾ ਦੇ ਆਉਣ ਦਾ 2000 ਸਾਲ ਤੱਕ ਇੰਤਜ਼ਾਰ ਕੀਤਾ। ਜਦੋਂ ਉਹ ਆਇਆ, ਕਈ ਲੋਕਾਂ ਨੇ ਉਸ ਉੱਤੇ ਵਿਸ਼ਵਾਸ਼ ਕੀਤਾ, ਪਰ ਬਹੁਤਿਆਂ ਨੇ ਨਹੀਂ। ਬਹੁਤ ਸਾਰੇ ਯਹੂਦੀ ਜਿਹੜੇ ਵਿਸ਼ਵਾਸ ਨਹੀਂ ਕਰਦੇ ਹਨ ਹਾਲੇ ਤੱਕ ਮਸੀਹਾ ਲਈ ਇੰਤਜ਼ਾਰ ਕਰ ਰਹੇ ਹਨ।

ਨੋਟ **C.** ਬਹੁਤ ਸਾਰੇ ਕਾਰਨ ਹਨ ਜਿਨ੍ਹਾਂ ਕਰਕੇ ਅਸੀਂ ਜਾਣਦੇ ਹਾਂ ਕਿ ਬਾਈਬਲ ਸੱਚੀ ਹੈ ਅਤੇ ਯਿਸੂ ਹੀ ਮਸੀਹਾ ਹੈ: 1) ਯਿਸੂ ਨੇ ਬਹੁਤ ਸਾਰੇ ਕੰਮ ਕੀਤੇ ਜੋ ਸਿਰਫ ਪਰਮੇਸ਼ੁਰ ਹੀ ਕਰ ਸਕਦਾ ਹੈ; 2) ਪਰਮੇਸ਼ੁਰ, ਯਿਸੂ ਦੇ ਨਾਮ ਵਿੱਚ ਕੀਤੀਆਂ ਗਈਆਂ ਸਾਡੀਆਂ ਪ੍ਰਾਰਥਨਾਵਾਂ ਦਾ ਉੱਤਰ ਦੇਂਦਾ ਹੈ; 3) ਅਸੀਂ ਯਿਸੂ ਦੇ ਅਚਰਜ ਕੰਮ ਅਤੇ ਦਰਸ਼ਨ ਵੇਖੇ ਹਨ; 4) ਯਿਸੂ ਦੂਜੀਆਂ ਸਾਰੀਆਂ ਆਤਮਾਵਾਂ ਨਾਲੋਂ ਸ਼ਕਤੀਸ਼ਾਲੀ ਹੈ; 5) ਮਸੀਹ ਸਾਨੂੰ ਅਨੰਦ ਅਤੇ ਸ਼ਾਂਤੀ ਦੇਂਦਾ ਹੈ; 6) ਯਿਸੂ ਵਰਗਾ ਹੋਰ ਕੋਈ ਨਹੀਂ ਹੈ; 7) ਪਵਿੱਤਰ ਆਤਮਾ ਜਿਹੜਾ ਸਾਡੇ ਦਿਲਾਂ ਵਿੱਚ ਵਾਸ ਕਰਦਾ ਹੈ ਸਾਡੀ ਸੱਚ ਦੀ ਆਤਮਾ ਦੀ ਗਵਾਹੀ ਦੇਂਦਾ ਹੈ।

ਵਿਸ਼ਵਾਸ ਕਰਨ ਦਾ ਇਕ ਹੋਰ ਕਾਰਨ ਵੀ ਹੈ ਕਿ ਕਈ ਸਾਲ ਪਹਿਲਾਂ ਬਾਈਬਲ ਵਿੱਚ ਕਈ ਸੌ ਭਵਿੱਖਬਾਣੀਆਂ ਕੀਤੀਆਂ ਗਈਆਂ, ਅਤੇ ਬਹੁਤ ਸਾਰੀਆਂ ਪਹਿਲਾਂ ਹੀ ਸੱਚ ਹੋ ਚੁੱਕੀਆਂ ਹਨ। ਪੁਰਾਣੇ ਨੇਮ ਵਿੱਚ, ਨਬੀਆਂ ਨੇ ਆਉਣ ਵਾਲੇ ਮਸੀਹਾਂ ਬਾਰੇ ਲਗਭਗ 210 ਭਵਿੱਖਬਾਣੀਆਂ ਕੀਤੀਆਂ। ਨਵੇਂ ਨੇਮ ਵਿੱਚ ਯਿਸੂ ਨੇ ਉਨ੍ਹਾਂ ਵਿੱਚੋਂ ਲਗਭਗ 150 ਭਵਿੱਖਬਾਣੀਆਂ ਪੂਰੀਆਂ ਕੀਤੀਆਂ, ਅਤੇ ਉਸਨੇ ਕਿਹਾ ਉਹ ਬਾਕੀ ਵੀ ਪੂਰੀਆਂ ਕਰੇਗਾ ਜਦੋਂ ਉਹ ਇਕ ਦਿਨ ਧਰਤੀ ਤੇ ਵਾਪਸ ਆਵੇਗਾ।

ਨੋਟ **D.** ਵਿਸ਼ਵਾਸੀ ਯਹੂਦੀ ਅਤੇ ਗੈਰ ਯਹੂਦੀ ਜਿਹੜੇ ਵਿਸ਼ਵਾਸ ਕਰਦੇ ਹਨ ਕਿ ਮਸੀਹ ਵਾਅਦੇ ਦੇ ਮੁਤਾਬਿਕ ਆ ਚੁੱਕਾ ਹੈ, ਅਤੇ ਉਹ ਯਿਸੂ ਹੈ। ਵਿਸ਼ਵਾਸੀ ਇਹ ਵੀ ਵਿਸ਼ਵਾਸ ਕਰਦੇ ਹਨ ਕਿ ਮਸੀਹ ਯਿਸੂ ਇਕ ਦਿਨ ਫਿਰ ਵਾਅਦੇ ਦੇ ਮੁਤਾਬਿਕ ਵਾਪਸ ਆਵੇਗਾ।

## ਪੁਰਾਣੇ ਨੇਮ ਦੀਆਂ ਭਵਿੱਖਬਾਣੀਆਂ ਦੀ ਤੁਲਨਾ ਨਵੇਂ ਨੇਮ ਵਿੱਚ ਪੂਰੀਆਂ ਹੋਈਆਂ ਭਵਿੱਖਬਾਣੀਆਂ ਨਾਲ ਕਰੋ

- ਯਸਾਯਾਹ **9:6-7** ਦੀ ਤੁਲਨਾ ਮੱਤੀ **2:1-11** ਇਕ ਖਾਸ ਬਾਲਕ ਬਾਰੇ ਜਿਹੜਾ ਰਾਜੇ ਦੇ ਰੂਪ ਵਿੱਚ ਪੈਦਾ ਹੋਵੇਗਾ।
- ਮੀਕਾਹ **5:1** ਦੀ ਤੁਲਨਾ ਮੱਤੀ **2:1-11** ਯਿਸੂ ਦੇ ਪੈਦਾ ਹੋਣ ਬਾਰੇ।
- ਯਸਾਯਾਹ **11:1-4** ਦੀ ਤੁਲਨਾ ਮੱਤੀ **5:1-12** ਹਲੀਮ ਅਤੇ ਗਰੀਬ ਦੀ ਬੁੱਧੀਮਾਨੀ ਨਾਲ ਅਗਵਾਈ ਕਰਨ ਬਾਰੇ
- ਯਸਾਯਾਹ **53:4** ਦੀ ਤੁਲਨਾ ਮੱਤੀ **8:14-17** ਲੋਕਾਂ ਦੀਆਂ ਬਿਮਾਰੀਆਂ ਨੂੰ ਚੰਗਾ ਕਰਨ ਬਾਰੇ।
- ਬਿਵਸਥਾ ਸਾਰ **18:15** ਦੀ ਤੁਲਨਾ ਯੂਹੰਨਾ **6:10-15** ਲੋਕਾਂ ਨੂੰ ਅਚਰਜ ਢੰਗ ਨਾਲ ਰਜਾਉਣ ਬਾਰੇ।
- ਦਾਈਏਲ **9:25-26** ਦੀ ਤੁਲਨਾ ਮੱਤੀ **24:14-25** ਮਸੀਹ ਦੇ ਆਉਣ ਤੋਂ ਬਾਅਦ ਸਤਾਓ ਬਾਰੇ।
- ਜ਼ਕਰਯਾਹ **9:9** ਦੀ ਤੁਲਨਾ ਮੱਤੀ **21:1-11** ਗਧੀ ਉੱਤੇ ਯਰੂਸ਼ਲਮ ਵਿੱਚ ਸਵਾਰੀ ਕਰਨ ਬਾਰੇ।
- ਯਿਰਮੀਯਾਹ **31:31-34** ਦੀ ਤੁਲਨਾ ਲੂਕਾ **22:17-22** ਨਵਾਂ ਨੇਮ ਸਥਾਪਿਤ ਕਰਨ ਬਾਰੇ।

- **ਯਸਾਯਾਹ 53:12** ਦੀ ਤੁਲਨਾ **ਲੂਕਾ 22:37** ਯਿਸੂ ਦੀ ਗਿਣਤੀ ਪਾਪੀਆਂ ਨਾਲ ਕਰਨ ਬਾਰੇ।
- **ਜ਼ਬੂਰਾਂ ਦੀ ਪੋਥੀ 22:14-18** ਦੀ ਤੁਲਨਾ **ਮੱਤੀ 27:32-50** ਯਿਸੂ ਦੀ ਸਲੀਬੀ ਮੌਤ ਬਾਰੇ।
- **ਜ਼ਕਰਯਾਹ 12:10** ਦੀ ਤੁਲਨਾ **ਯੂਹੰਨਾ 19:34-37** ਬਰਛੀ ਨਾਲ ਵੱਖੀ ਵਿੰਨਣ ਬਾਰੇ।
- **ਯਸਾਯਾਹ 53:7-8** ਦੀ ਤੁਲਨਾ **ਰਸੂਲਾਂ ਦੇ ਕਰਤੱਬ 8:29-35** ਯਿਸੂ ਦੀ ਸਾਡੇ ਪਾਪਾਂ ਲਈ ਮੌਤ ਦੀ ਕੁਰਬਾਨੀ ਬਾਰੇ
- **ਜ਼ਬੂਰਾਂ ਦੀ ਪੋਥੀ 16:9-11** ਦੀ ਤੁਲਨਾ **ਲੂਕਾ 24:46-48**, **ਰਸੂਲਾਂ ਦੇ ਕਰਤੱਬ 2:22-28** ਯਿਸੂ ਦੇ ਜੀ ਉੱਠਣ ਬਾਰੇ

ਇਕ ਹੋਰ ਪ੍ਰਕਾਰ ਦੀ ਭਵਿੱਖਬਾਣੀ ਵਿੱਚ ਪੁਰਾਣੇ ਨੇਮ ਦੇ ਬਹੁਤ ਸਾਰੇ ਆਦਰਸ਼ ਸ਼ਾਮਿਲ ਹਨ ਜੋ ਯਿਸੂ ਦੁਆਰਾ ਪੂਰੇ ਕੀਤੇ ਗਏ। ਉਦਾਹਰਣ ਲਈ, 1 ਕੁਰਿੰਥੀਆਂ 15:45 ਵਿੱਚ ਯਿਸੂ ਨੂੰ ''ਆਖ਼ਰੀ ਆਦਮ'' ਕਿਹਾ ਗਿਆ ਹੈ, ਅਤੇ ਰੋਮੀਆਂ 5:12 ਅਤੇ 1 ਕੁਰਿੰਥੀਆਂ 15:20-23, 45-50 ਵਿੱਚ ਯਿਸੂ ਅਤੇ ਆਦਮ ਵਿੱਚਕਾਰ ਬਹੁਤ ਸਾਰੀਆਂ ਮਹੱਤਵਪੂਰਨ ਸਮਾਨਤਾਵਾਂ ਅਤੇ ਭਿੰਨਤਾਵਾਂ ਹਨ। ਯਿਸੂ ਅਤੇ ਆਦਮ ਦੋਵੇਂ ਨਵੀਂ ਮਨੁੱਖ ਜਾਤੀ ਦੇ ਮੁੱਖੀ ਸਨ, ਅਤੇ ਦੋਵੇਂ ਆਪਣੀ ਜਾਤੀ ਤੇ ਜੋ ਉਨ੍ਹਾਂ ਕੀਤਾ, ਉਸ ਕਾਰਨ ਦੂਰਗਾਮੀ ਨਤੀਜ਼ੇ ਲਿਆਏ



ਆਦਮ ਨੇ ਪਰਮੇਸ਼ੁਰ ਦੀ ਅਣਆਗਿਆਕਾਰੀ ਕੀਤੀ ਜਦੋਂ ਸ਼ੈਤਾਨ ਨੇ ਉਸਨੂੰ ਪਰਤਾਇਆ।



ਯਿਸੂ ਨੇ ਸ਼ੈਤਾਨ ਦਾ ਸਾਹਮਣਾ ਕੀਤਾ ਜਦੋਂ ਉਸਨੇ ਉਸਨੂੰ ਪਰਤਾਇਆ।

**ਖਾਸ ਅਧਿਐਨ ਲਈ** (ਜਿਸ ਲਈ ਬਹੁਤ ਜਿਆਦਾ ਸਮਾਂ ਬਿਤਾਉਣਾ ਪਵੇਗਾ) ਅਸੀਂ ਯਿਸੂ ਅਤੇ ਹੇਠ ਲਿਖਿਆਂ ਲੋਕਾਂ ਵਿੱਚਕਾਰ ਬਹੁਤ ਸਾਰੀਆਂ ਸਮਾਨਤਾਵਾਂ ਅਤੇ ਭਿੰਨਤਾਵਾਂ ਨੂੰ ਖੋਜਣ ਦੀ ਸਲਾਹ ਦੇਂਦੇ ਹਾਂ:

**ਆਦਮ** (ਉਤਪਤ 2 ਅਤੇ 3 ਅਧਿਆਏ),

ਇਸਹਾਕ (ਉਤਪਤ 22),
ਯੂਸੁਫ਼ (ਉਤਪਤ 37 ਅਤੇ 39-48 ਅਧਿਆਏ),
ਮੂਸਾ (ਕੂਚ ਅਤੇ ਲੇਵੀਆਂ ਦੀ ਪੁਸਤਕ ਵਿੱਚ ਵੇਖਿਆ ਗਿਆ),
ਹਾਰੂਨ (ਕੂਚ ਅਤੇ ਲੇਵੀਆਂ ਦੀ ਪੁਸਤਕ ਵਿੱਚ ਵੇਖਿਆ ਗਿਆ)
ਯਹੋਸ਼ੁਆ (ਯਹੋਸ਼ੁਆ),
ਬੋਆਜ (ਰੂਥ),
ਦਾਊਦ (1 ਸਮੂਏਲ 16-31 ਅਤੇ 2 ਸਮੂਏਲ 1 ਤੋਂ 24 ਅਧਿਆਏ ਤੱਕ),
ਏਲੀਯਾਹ (1 ਰਾਜਾ 17 ਤੋਂ 19 ਅਧਿਆਏ ਅਤੇ 2 ਰਾਜਾ 2 ਅਧਿਆਏ)।

**2. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੇ ਹਫ਼ਤੇ ਦੀਆਂ ਗਤੀਵਿਧੀਆਂ ਦੀ ਯੋਜਨਾ ਬਣਾਓ।**

ਤੁਹਾਡੀ ਮੁਲਾਕਾਤ ਅਤੇ ਗਵਾਹੀ ਦੇਣ ਸਮੇਂ, ਲੋਕਾਂ ਨੂੰ ਦੱਸੋ ਕਿ ਕਿਵੇਂ ਨਬੀਆਂ ਨੇ ਆਉਣ ਵਾਲੇ ਮਸੀਹਾ ਬਾਰੇ ਭਵਿੱਖਬਾਣੀਆਂ ਕੀਤੀਆਂ ਅਤੇ ਯਿਸੂ ਨੇ ਕਿਵੇਂ ਉਨ੍ਹਾਂ ਭਵਿੱਖਬਾਣੀਆਂ ਨੂੰ ਪੂਰਾ ਕੀਤਾ। ਵਿਸ਼ਵਾਸੀਆਂ ਅਤੇ ਖੋਜੀਆਂ ਕੋਲ ਜਾਓ, ਜਿਨ੍ਹਾਂ ਨੂੰ ਕੋਈ ਸੰਦੇਹ ਹੈ ਅਤੇ ਉਨ੍ਹਾਂ ਨੂੰ ਵਿਸ਼ਵਾਸ ਲਈ ਕਾਰਨਾਂ ਬਾਰੇ ਸੋਚਣ ਲਈ ਉਤਸਾਹਿਤ ਕਰੋ। ਉਨ੍ਹਾਂ ਨਾਲ ਮਿਲਕੇ ਪ੍ਰਾਰਥਨਾ ਕਰੋ ਕਿ ਯਿਸੂ ਉਨ੍ਹਾਂ ਨੂੰ ਬਰਕਤ ਦੇਵੇ ਅਤੇ ਆਪਣੇ ਆਪ ਨੂੰ ਚੰਗਾ ਅਤੇ ਸ਼ਕਤੀਸ਼ਾਲੀ ਬਣ ਕੇ ਵਿਖਾਵੇ।

- ਜੇਕਰ ਨਵੇਂ ਆਗੂਆਂ ਜਿਨ੍ਹਾਂ ਨੂੰ ਤੁਸੀਂ ਸਿੱਖਿਆ ਦੇ ਰਹੇ ਹੋ, ਉਨ੍ਹਾਂ ਕੋਲ ਲੋਕ ਹਨ, ਜਿਨ੍ਹਾਂ ਨੂੰ ਭਰੋਸੇ ਦੀ ਲੋੜ ਹੈ ਕਿ ਬਾਈਬਲ ਪਰਮੇਸ਼ੁਰ ਦਾ ਵਚਨ ਹੈ, ਉਨ੍ਹਾਂ ਨੂੰ ਵੀ ਇਹ ਅਧਿਐਨ ਪੜ੍ਹਨ ਦਿਓ।
- ਜੇਕਰ ਕੁਝ ਵਿਸ਼ਵਾਸੀ ਬਾਈਬਲ ਨੂੰ ਪੜ੍ਹਨਾ ਅਤੇ ਅਧਿਐਨ ਕਰਨਾ ਪਸੰਦ ਕਰਦੇ ਹਨ, ਤਾਂ ਉਨ੍ਹਾਂ ਨੂੰ ਉੱਪਰ ਦਿੱਤੀ ਗਈ ਸੂਚੀ ਵਿੱਚੋਂ ਯਿਸੂ ਅਤੇ ਪੁਰਾਣੇ ਨੇਮ ਦੇ ਆਗੂਆਂ ਵਿੱਚਕਾਰ ਸਮਾਨਤਾ ਅਤੇ ਭਿੰਨਤਾ ਨੂੰ ਲੱਭਣ ਲਈ ਕਹੋ।

**3. ਆਪਣੇ ਸਹਿਕਰਮੀਆਂ ਨਾਲ ਮਿਲਕੇ ਆਉਣ ਵਾਲੀ ਅਰਾਧਨਾ ਸਭਾ ਬਾਰੇ ਯੋਜਨਾ ਬਣਾਓ।**

ਵਿਸ਼ਵਾਸੀਆਂ ਨੂੰ ਇਕੱਠੇ ਮਿਲਕੇ ਬਾਈਬਲ ਵਿੱਚੋਂ ਪੁਰਾਣੇ ਨੇਮ ਦੀਆਂ ਭਵਿੱਖਬਾਣੀਆਂ ਅਤੇ ਨਵੇਂ ਨੇਮ ਵਿੱਚ ਉਨ੍ਹਾਂ ਦੇ ਪੂਰੇ ਹੋਣ ਬਾਰੇ ਪੜ੍ਹਨ ਦਿਓ। ਹਰ ਵਾਰ ਪੁੱਛੋ ਕਿ ਕਿਸ ਤਰੀਕੇ ਨਾਲ ਯਿਸੂ ਨੇ ਭਵਿੱਖਬਾਣੀ ਨੂੰ ਪੂਰਾ ਕੀਤਾ?

ਦੱਸੋ ਕਿ ਭੂਤਕਾਲ ਵਿੱਚ ਪੂਰੀਆਂ ਹੋਈਆਂ ਭਵਿੱਖਬਾਣੀਆਂ ਸਾਨੂੰ ਭਰੋਸਾ ਦਿਵਾਉਂਦੀਆਂ ਹਨ ਕਿ ਭਵਿੱਖ ਵਿੱਚ ਬਾਕੀ ਭਵਿੱਖਬਾਣੀਆਂ ਵੀ ਪੂਰੀਆਂ ਹੋਣਗੀਆਂ।

ਯਿਸੂ ਅਤੇ ਪੁਰਾਣੇ ਨੇਮ ਵਿੱਚੋਂ ਘੱਟੋ ਘੱਟ ਇਕ ਆਗੂ ਵਿੱਚਕਾਰ ਸਮਾਨਤਾ ਅਤੇ ਭਿੰਨਤਾ ਬਾਰੇ ਦੱਸੋ।

ਪਿਛੋਕੜ ਨੋਟ A, B, C, ਜਾਂ D ਬਾਰੇ ਦੱਸੋ, ਜੇਕਰ ਉਨ੍ਹਾਂ ਵਿੱਚੋਂ ਕੋਈ ਵੀ ਅਰਾਧਨਾ ਸਭਾ ਵਿੱਚ ਵਿਸ਼ਵਾਸੀਆਂ ਜਾਂ ਖੋਜੀਆਂ ਲਈ ਲਾਭਦਾਇਕ ਹੋਵੇਗੀ।

ਬੱਚਿਆਂ ਨੂੰ ਬਾਲਗਾਂ ਅੱਗੇ ਉਹ ਗੱਲਾਂ ਪੇਸ਼ ਕਰਨ ਦਿਓ ਜੋ ਉਨ੍ਹਾਂ ਤਿਆਰ ਕੀਤੀਆਂ ਹਨ।

ਪ੍ਰਭੂ ਭੋਜ ਸ਼ੁਰੂ ਕਰਨ ਲਈ ਜ਼ੋਰ ਨਾਲ 1 ਕੁਰਿੰਥੀਆਂ 11:26 ਪੜ੍ਹੋ। ਦੱਸੋ ਕਿ ਮਸੀਹੀ ਲੋਕ ਲਗਭਗ 2000 ਸਾਲ ਤੋਂ ਮਸੀਹ ਦੇ ਆਉਣ ਦਾ ਇੰਤਜਾਰ ਕਰਦਿਆਂ ਅਤੇ ਉਸਦੇ ਬਾਕੀ ਵਾਅਦਿਆਂ ਨੂੰ ਪੂਰਾ ਕਰਨ ਲਈ ਰੋਟੀ ਅਤੇ ਪਿਆਲੇ ਵਿੱਚ ਇਕੱਠੇ ਹਿੱਸਾ ਲੈ ਰਹੇ ਹਨ।

ਇਕੱਠੇ ਮਿਲਕੇ ਲੂਕਾ **24:27** ਯਾਦ ਕਰੋ। ''ਮੂਸਾ ਅਰ ਸਭਨਾਂ ਨਬੀਆਂ ਤੋਂ ਸ਼ੁਰੂ ਕਰ ਕੇ ਉਸ ਨੇ ਉਹਨਾਂ ਨੂੰ ਉਨ੍ਹਾਂ ਗੱਲਾਂ ਦਾ ਅਰਥ ਦੱਸਿਆ, ਜਿਹੜੀਆਂ ਸਭਨਾਂ ਪੁਸਤਕਾਂ ਵਿੱਚ, ਉਹ ਦੇ ਹੱਕ ਵਿੱਚ ਲਿਖੀਆਂ ਹੋਈਆਂ ਸਨ।''

ਇਕੱਠੇ ਮਿਲਕੇ ਪ੍ਰਾਰਥਨਾ ਕਰਨ, ਯਿਸੂ ਦੇ ਬਾਰੇ ਪ੍ਰਾਚੀਨ ਭਵਿੱਖਬਾਣੀਆਂ ਤੇ ਵਿੱਚਾਰ ਵਿਮਰਸ਼ ਕਰਨ, ਯੋਜਨਾਵਾਂ ਦੀ ਪੁਸ਼ਟੀ ਕਰਨ ਅਤੇ ਇੱਕ ਦੂਜੇ ਨੂੰ ਉਤਸਾਹਿਤ ਕਰਨ ਲਈ ਦੋ ਜਾਂ ਤਿੰਨ ਲੋਕਾਂ ਦੇ ਛੋਟੇ ਸਮੂਹ ਬਣਾਓ।

Copyright 2004 © by Paul-Timothy. May be freely copied. Download from www.Paul-Timothy.net